This Question Paper consists of 14 questions 8 printed pages.
ਇਸ ਪ੍ਰਸ਼ਨ ਪੱਤਰ ਵਿੱਚ 14 ਸੁਆਲ ਹਨ ਅਤੇ 8 ਛੱਪੇ ਹੋਏ ਪੰਨੇ ਹਨ।

Roll No.
ਰੋਲ ਨੰਬਰ

| | | | | | | | | | | | |
|---|---|---|---|---|---|---|---|---|---|---|---|
| | | | | | | | | | | | |

**Code No. 63/S/A/P**
ਕੋਡ ਨੰ.

**Set / ਸੈਟ** **A**

# PUNJABI
# (ਪੰਜਾਬੀ)
# (210)

Day and Date of Examination ..........................................................................
(ਪਰੀਖਿਆ ਦਾ ਦਿਨ ਅਤੇ ਮਿਤੀ)

Signature of Invigilators 1. ..........................................................................
(ਨਿਰੀਖਕਾਂ ਦੇ ਦਸਖ਼ਤ)

2. ..........................................................................

---

**ਆਮ ਨਿਰਦੇਸ਼ :**

1. ਵਿਦਿਆਰਥੀ ਨੂੰ ਪ੍ਰਸ਼ਨ ਪੱਤਰ ਦੇ ਪਹਿਲੇ ਪੰਨੇ ਤੇ ਆਪਣਾ ਨਾਮ ਅਤੇ ਰੋਲ ਨੰਬਰ ਲਿਖਣਾ ਜ਼ਰੂਰੀ ਹੈ।

2. ਪ੍ਰਸ਼ਨ ਪੱਤਰ ਦੇ ਸਾਰੇ ਪੰਨਿਆਂ ਨੂੰ ਦੇਖਣਾ ਅਤੇ ਜਾਂਚਣਾ ਜ਼ਰੂਰੀ ਹੈ ਅਤੇ ਪ੍ਰਸ਼ਨ ਪੱਤਰ ਵਿੱਚ ਪ੍ਰਸ਼ਨਾਂ ਦੀ ਗਿਣਤੀ ਉੱਤਰ ਪੁਸਤਕ ਦੇ ਉਪਰ ਪਹਿਲੇ ਪੰਨੇ ਤੇ ਛੱਪੇ ਨੰਬਰਾਂ ਨਾਲ ਮਿਲਦੀ ਹੋਣੀ ਚਾਹੀਦੀ ਹਨ। ਇਹ ਵੀ ਦੇਖਿਆ ਜਾਵੇ ਕਿ ਪ੍ਰਸ਼ਨ ਪੱਤਰ ਵਿੱਚ ਪ੍ਰਸ਼ਨ ਕਰਨਾ (ਸੀਰੀਅਲ) ਅਨੁਸਾਰ ਹੋਵੇ।

3. ਅਬਜੈਕਟਿਵ ਟਾਇਪ ਪ੍ਰਸ਼ਨਾਂ ਜਿਹੜੇ ਕਿ (A), (B), (C) ਅਤੇ (D) ਹਨ ਵਿੱਚ ਇਕ ਠੀਕ ਨੂੰ ਚੁੰਨਣਾ ਹੈ ਅਤੇ ਠੀਕ ਉੱਤਰ ਨੂੰ ਉੱਤਰ ਪੁਸਤਕ ਵਿੱਚ ਲਿਖਿਆ ਜਾਵੇ।

4. ਸਾਰੇ ਪ੍ਰਸ਼ਨ ਪੱਤਰ ਜਿਹਨਾਂ ਵਿੱਚ ਅਬਜੈਕਟਿਵ ਟਾਇਪ ਪ੍ਰਸ਼ਨ ਵੀ ਹਨ ਇਕ ਸਮੇਂ ਅਨੁਸਾਰ ਹੀ ਕਰਨੇ ਹਨ ਕਿਉਂਕਿ ਹੋਰ ਅਲੱਗ ਸਮਾਂ ਨਹੀਂ ਦਿੱਤਾ ਜਾਵੇਗਾ।

5. ਕੋਈ ਵੀ ਨਿਸ਼ਾਨ ਜਾਂ ਰੋਲ ਨੰਬਰ ਉੱਤਰ ਪੁਸਤਕ ਦੇ ਕਿਸੇ ਵੀ ਜਗਾਂ ਤੇ ਨਹੀਂ ਹੋਣਾ ਚਾਹੀਦਾ, ਨਹੀਂ ਤੇ ਵਿਦਿਆਰਥੀ ਨੂੰ ਪਰੀਖਿਆ ਤੋਂ ਬਾਹਰ ਕਰ ਦਿੱਤਾ ਜਾਵੇਗਾ।

6. ਉੱਤਰ ਪੁਸਤਕ ਤੇ ਪ੍ਰਸ਼ਨ ਪੁਸਤਕ ਦਾ ਨੰਬਰ 63/S/A/P ਸੈਟ A ਜ਼ਰੂਰ ਲਿਖੋ।



downloaded from StudentSuvidha.com
Download all NOTES and PAPERS at StudentSuvidha.com

# PUNJABI
## (ਪੰਜਾਬੀ)
## (210)

ਸਮਾਂ : 3 ਘੰਟੇ ] [ ਕੁਲ ਅੰਕ : 100

**ਨੋਟ :** (i) ਸਾਰੇ ਪ੍ਰਸ਼ਨਾਂ ਦੇ ਉੱਤਰ ਜ਼ਰੂਰੀ ਹਨ।

(ii) ਸਾਰੇ ਪ੍ਰਸ਼ਨਾਂ ਨੂੰ ਧਿਆਨ ਨਾਲ ਪੜ੍ਹ ਕੇ ਉਨ੍ਹਾਂ ਦੇ ਉੱਤਰ ਲਿਖੋ।

**1.** ਹੇਠ ਲਿਖੇ ਪੈਰੇ ਨੂੰ ਪੜ੍ਹੋ ਤੇ ਉਸ ਸੰਬੰਧੀ ਦਿੱਤੇ ਪ੍ਰਸ਼ਨਾਂ ਦੇ ਉੱਤਰ ਲਿਖੋ : 2×4=8

ਸ਼ਰਾਬ ਦੇ ਅਰਥ ਵਿਦਵਾਨਾਂ ਨੇ ਸ਼ਰਾਰਤ ਭਰਿਆ ਪਾਣੀ ਕੀਤੇ ਹਨ। ਇਹ ਸ਼ਰਾਰਤ ਐਸੀ ਹੁੰਦੀ ਹੈ ਕਿ ਸ਼ਰਾਰਤ ਦੇ ਪਿਆਲੇ ਵਿੱਚ ਰਾਜਭਾਗ ਰੁੜ੍ਹ ਜਾਂਦੇ ਹਨ। ਇਸ ਨਾਲ ਰਾਜਿਆਂ ਦੇ ਰਾਜਭਾਗ ਤਾਂ ਤਬਾਹ ਹੁੰਦੇ ਹਨ, ਸਧਾਰਨ ਘਰਾਂ ਦੀ ਸੁੱਖ-ਸ਼ਾਂਤੀ ਵੀ ਉੱਡ ਜਾਂਦੀ ਹੈ। ਜਦੋਂ ਨਸ਼ੇ ਵਿੱਚ ਗੁੱਟ ਲੜਖੜਾਉਂਦਾ ਸ਼ਰਾਬੀ ਘਰ ਆਏਗਾ ਤਾਂ ਬੀਵੀ ਬੱਚਿਆਂ ਨੂੰ ਗਾਲ੍ਹਾਂ ਹੀ ਸੁਣਾਏਗਾ ਜਾਂ ਮੂੰਹ ਵਿੱਚੋਂ ਬੋ ਮਾਰਦਾ ਸੌਂ ਜਾਵੇਗਾ, ਬੇ-ਸੁਰਤ ਹੋਇਆ ਹੋਵੇਗਾ। ਧਨ ਦੀ ਹਾਨੀ ਉਹ ਕਰਕੇ ਆਵੇਗਾ। ਜਿਸ ਕਾਰਨ ਘਰ ਦਾ ਆਰਥਕ ਸੰਤੁਲਨ ਵਿਗੜ ਜਾਵੇਗਾ। ਉਸ ਨੂੰ ਖੁਦ ਨੂੰ ਵੀ ਸ਼ਰਾਬ ਪੀ ਜਾਵੇਗੀ। ਉਸਦੀ ਸਿਹਤ ਖਰਾਬ ਹੋ ਜਾਵੇਗੀ। ਪੈਸੇ ਦੀ ਬਰਬਾਦੀ ਕਾਰਨ ਪਰਵਾਰ ਨੂੰ ਚੰਗੀ ਖ਼ੁਰਾਕ ਨਹੀਂ ਮਿਲ ਸਕੇਗੀ। ਜਿਸ ਕਰਕੇ ਉਸਦਾ ਸ਼ਰੀਰ, ਬੁੱਧੀ ਅਤੇ ਮਨ ਵੀ ਕਮਜ਼ੋਰ ਹੋਵੇਗਾ। ਉਹ ਲਗਾਤਾਰ ਬੀਮਾਰੀਆਂ ਦੀ ਚਪੇਟ ਵਿੱਚ ਆਉਂਦਾ ਰਹੇਗਾ।

ਆਂਢੀਆਂ-ਗੁਆਂਢੀਆਂ ਦੀਆਂ ਜ਼ਬਾਨਾਂ ਅਤੇ ਨਜ਼ਰਾਂ ਤੋਂ ਸ਼ਰਾਬੀ ਦੀ ਬੀਵੀ-ਬੱਚੇ ਅਖਵਾਉਣ ਤੋਂ ਉਹ ਬੱਚ ਨਹੀਂ ਸੱਕਣਗੇ। ਉਨ੍ਹਾਂ ਨੂੰ ਸਮਾਜ ਦੇ ਵਿਅੰਗ ਦਾ ਸ਼ਿਕਾਰ ਹੋਣਾ ਪਵੇਗਾ। ਹਾਂ, ਸ਼ਰਾਬੀ ਪਰਵਾਰ ਭਾਵੇਂ ਉਨੀ ਭੈੜੀ ਨਿਗਾਹ ਨਾਲ ਇੱਕ ਦੂਜੇ ਨੂੰ ਨਾ ਦੇਖਣ। ਸ਼ਰਾਬ ਮਨੁੱਖ ਦੇ ਘਰ ਨੂੰ ਤਾਂ ਤੋੜਦੀ ਹੀ ਹੈ, ਰਿਸ਼ਤੇਦਾਰ ਵੀ ਦੂਰ ਹੁੰਦੇ ਜਾਂਦੇ ਹਨ। ਧਨ ਦੀ ਘਾਟ ਨਿਰੰਤਰ ਹੁੰਦੀ ਜਾਂਦੀ ਹੈ। ਮਨੁਖ ਨੂੰ ਇਸ ਬਰਬਾਦੀ ਤੋਂ ਬਚਾਉਣ ਲਈ ਧਰਮ ਦੀ ਸਿੱਖਿਆ ਦਿੱਤੀ ਜਾਂਦੀ ਹੈ। ਧਰਮ ਦੀ ਸਿੱਖਿਆ ਰਾਹੀਂ ਹੀ ਮਨੁੱਖ ਇਸ ਸ਼ਰਾਬ ਵਰਗੀ ਭੈੜੀ ਆਦਤ ਤੋਂ ਬੱਚ ਸਕਦਾ ਹੈ ਅਤੇ ਆਪਣੇ ਪਰਿਵਾਰ, ਤਨ ਅਤੇ ਧਨ ਨੂੰ ਬਚਾ ਸਕਦਾ ਹੈ।

**ਪ੍ਰਸ਼ਨ** :

*(i)* ਵਿਦਵਾਨਾਂ ਨੇ ਸ਼ਰਾਬ ਦੇ ਕੀ ਅਰਥ ਕੀਤੇ ਹਨ?

*(ii)* ਸ਼ਰਾਬ ਮਨੁੱਖ ਦੀਆਂ ਕਿਨ੍ਹਾਂ ਚੀਜ਼ਾਂ ਨੂੰ ਕਮਜ਼ੋਰ ਕਰ ਦਿੰਦੀ ਹੈ?

*(iii)* ਪੈਸੇ ਦੀ ਬਰਬਾਦੀ ਕਾਰਨ ਕਿਸਨੂੰ ਕੀ ਨਹੀਂ ਮਿਲ ਸਕੇਗੀ?

*(iv)* ਮਨੁੱਖ ਨੂੰ ਸ਼ਰਾਬ ਪੀਣ ਤੋਂ ਹੋਣ ਵਾਲੀ ਬਰਬਾਦੀ ਤੋਂ ਬਚਾਉਣ ਲਈ ਕਿਸ ਦੀ ਸਿੱਖਿਆ ਦਿੱਤੀ ਜਾਂਦੀ ਹੈ?

downloaded from StudentSuvidha.com



Download all NOTES and PAPERS at StudentSuvidha.com

**2.** ਹੇਠ ਲਿਖੇ ਪ੍ਰਸ਼ਨਾਂ ਦੇ ਸਹੀ ਵਿਕਲਪ ਚੁਣੋ : 1×15=15

*(i)* ਹਿੰਦੀ ਦਾ 'र' ਗੁਰਮੁਖੀ ਵਿੱਚ ਲਿਖਿਆ ਜਾਂਦਾ ਹੈ :

(A) ਰ (B) ਹ

(C) ੜ (D) ਙ

*(ii)* '˜' ਚਿੰਨ੍ਹ ਦਾ ਨਾਂ ਹੈ :

(A) ਹੋੜਾ (B) ਕਨੌੜਾ

(C) ਔਂਕੜ (D) ਦੁਲੈਂਕੜ

*(iii)* ਅੱਖਰ ਦੇ ਪੈਰ ਵਿੱਚ ਵਰਤਣ ਵਾਲੇ ਅੱਖਰ ਨੂੰ ਕੀ ਕਹਿੰਦੇ ਹਨ :

(A) ਲਗਾਖਰ (B) ਲਗ

(C) ਦੁੱਤ ਅੱਖਰ (D) ਇਨ੍ਹਾਂ ਵਿਚੋਂ ਕੋਈ ਨਹੀਂ

*(iv)* ਹੇਠ ਲਿਖੇ ਸ਼ਬਦਾਂ ਵਿੱਚੋਂ ਕਿਹੜਾ ਸ਼ਬਦ ਸਹੀ ਹੈ :

(A) ਮੇਹਨਤ (B) ਮਿਹਨਤ

(C) ਮੇਨਤ (D) ਮਹਿਨਤ

*(v)* 'ਤੇਲ' ਸ਼ਬਦ ਨਾਂਵ ਦੀ ਕਿਹੜੀ ਕਿਸਮ ਹੈ :

(A) ਵਸਤੂਵਾਚਕ ਨਾਂਵ (B) ਆਮ ਨਾਂਵ

(C) ਖਾਸ ਨਾਂਵ (D) ਭਾਵ ਵਾਚਕ ਨਾਂਵ

*(vi)* 'ਪਾਠਕਾ' ਦਾ ਪੁਲਿੰਗ ਹੈ :

(A) ਪਾਠ (B) ਪਾਠਕ

(C) ਪਾਠਿਕਾ (D) ਇਨ੍ਹਾਂ ਵਿਚੋਂ ਕੋਈ ਨਹੀਂ

*(vii)* 'ਚੰਗੀਆਂ' ਸ਼ਬਦ ਦਾ ਵਚਨ ਬਦਲੋ :

(A) ਚੰਗੀ (B) ਚੰਗਾ

(C) ਚੰਗੀਯਾਂ (D) ਚੰਗੇ

downloaded from StudentSuvidha.com



Download all NOTES and PAPERS at StudentSuvidha.com

*(viii)* 'ਦਾ', 'ਦੇ', 'ਦੀ' ਕਿਹੜੇ ਕਾਰਕ ਦੇ ਚਿੰਨ੍ਹ ਹਨ?

(A) ਅਪਾਦਾਨ ਕਾਰਕ (B) ਸੰਪਰਦਾਨ ਕਾਰਕ

(C) ਸੰਬੰਧ ਕਾਰਕ (D) ਸੰਬੋਧਨ ਕਾਰਕ

*(ix)* ਉਹ ਪੜਨਾਂਵ, ਜਿਸਦੀ ਵਰਤੋਂ ਪੁਰਸ਼ਾਂ ਲਈ ਕੀਤੀ ਜਾਵੇ, ਉਹ ________ ਪੜਨਾਂਵ ਹੈ।

(A) ਪੁਰਖਵਾਚਕ ਪੜਨਾਂਵ (B) ਨਿੱਜਵਾਚਕ ਪੜਨਾਂਵ

(C) ਪ੍ਰਸ਼ਨਵਾਚਕ ਪੜਨਾਂਵ (D) ਸੰਬੰਧਵਾਚਕ ਪੜਨਾਂਵ

*(x)* ਜੋ ਸ਼ਬਦ ਕਿਸੇ ਵਿਅਕਤੀ ਦੇ ਗੁਣ, ਦੋਸ਼, ਵਿਸ਼ੇਸ਼ਤਾ ਦਾ ਬੋਧ ਕਰਾਉਣ, ਉਹਨਾਂ ਨੂੰ ਕੀ ਕਹਿੰਦੇ ਹਨ?

(A) ਸੰਖਿਆਵਾਚਕ ਵਿਸ਼ੇਸ਼ਣ (B) ਨਿਸਚੇਵਾਚਕ ਵਿਸ਼ੇਸ਼ਣ

(C) ਗੁਣਵਾਚਕ ਵਿਸ਼ੇਸ਼ਣ (D) ਪਰਿਮਾਣਵਾਚਕ ਵਿਸ਼ੇਸ਼ਣ

*(xi)* ਜਿਸ ਵਾਕ ਵਿੱਚ ਕਰਮ ਨਾ ਹੋਵੇ, ਅਤੇ ਕੇਵਲ ਕਰਤਾ ਤੇ ਕਿਰਿਆ ਹੀ ਹੋਵੇ, ਉਸ ਵਾਕ ਦੀ ਕਿਰਿਆ ਨੂੰ ਕੀ ਕਹਿੰਦੇ ਹਨ?

(A) ਕਿਰਿਆ (B) ਅਕਰਮਕ ਕਿਰਿਆ

(C) ਸਕਰਮਕ ਕਿਰਿਆ (D) ਇਹਨਾਂ ਵਿੱਚੋਂ ਕੋਈ ਨਹੀਂ

*(xii)* ਉਹ ਕਿਰਿਆ ਜਿਸ ਤੋਂ ਹੋਣ ਵਾਲੇ ਕਾਰਜ ਦੇ ਸਮੇਂ ਬਾਰੇ ਗਿਆਨ ਹੋਵੇ, ਉਹ ਕਿਰਿਆ ਵਿਸ਼ੇਸ਼ਣ ਦੀ ਕਿਹੜੀ ਕਿਸਮ ਹੁੰਦੀ ਹੈ?

(A) ਪ੍ਰਕਾਰਵਾਚਕ ਕਿਰਿਆ ਵਿਸ਼ੇਸ਼ਣ (B) ਕਾਲਵਾਚਕ ਕਿਰਿਆ ਵਿਸ਼ੇਸ਼ਣ

(C) ਕਾਰਨਵਾਚਕ ਕਿਰਿਆ ਵਿਸ਼ੇਸ਼ਣ (D) ਸਥਾਨਵਾਚਕ ਕਿਰਿਆ ਵਿਸ਼ੇਸ਼ਣ

*(xiii)* ਉਹ ਸ਼ਬਦ ਜੋ ਦੋ ਸ਼ਬਦਾਂ ਜਾਂ ਵਾਕਾਂ ਨੂੰ ਜੋੜਨ ਦਾ ਕੰਮ ਕਰਦੇ ਹਨ, ਉਨ੍ਹਾਂ ਨੂੰ ਕੀ ਕਹਿੰਦੇ ਹਨ?

(A) ਯੋਜਕ (B) ਸੰਬੰਧਕ

(C) ਮੂਲ ਸ਼ਬਦ (D) ਰਚਿਤ ਸ਼ਬਦ

*(xiv)* 'ਘਿਉ-ਸ਼ੱਕਰ' ਸਮਾਸੀ ਸ਼ਬਦ ਲਈ ਸਹੀ ਸ਼ਬਦ ਸਮੂਹ ਕਿਹੜਾ ਹੈ?

(A) ਘਿਉ ਦੀ ਸ਼ੱਕਰ (B) ਘਿਉ ਲਈ ਸ਼ੱਕਰ

(C) ਸ਼ੱਕਰ ਲਈ ਘਿਉ (D) ਘਿਉ ਅਤੇ ਸ਼ੱਕਰ



Download all NOTES and PAPERS at StudentSuvidha.com

(xv) ਅਗੇਤਰ ਅਤੇ ਮੂਲ ਸ਼ਬਦ ਦੇ ਠੀਕ ਵਿਕਲਪ ਨੂੰ ਚੁਣੋ :

(A) ਖ਼ੁਸ਼ਨ+ਸੀਬ (B) ਖੁਸ਼ਨਸੀ+ਬ

(C) ਖੁਸ਼+ਨਸੀਬ (D) ਖੁ+ਸ਼ਨਸੀਬ

**3.** (i) 'ਅੱਖਾਂ ਦਾ ਤਾਰਾ ਹੋਣਾ' ਮੁਹਾਵਰੇ ਦਾ ਸਹੀ ਅਰਥ ਚੁਣੋ : 1×5=5

(A) ਅੱਖ ਵਿੱਚ ਤਾਰਾ ਹੋਣਾ (B) ਬਹੁਤ ਪਿਆਰਾ ਹੋਣਾ

(C) ਬਹੁਤ ਦੁਖੀ ਹੋਣਾ (D) ਅੱਖਾਂ ਵਿੱਚ ਮੋਤੀਆ ਬਿੰਦ ਹੋਣਾ

(ii) 'ਇੱਕ ਮੱਛੀ ਸਾਰਾ ਜਲ ਗੰਦਾ ਕਰ ਦਿੰਦੀ ਹੈ' ਅਖਾਣ ਕਿਸ ਵਿਸ਼ੇਸ਼ ਮੌਕੇ ਤੇ ਵਰਤਿਆ ਜਾਂਦਾ ਹੈ?

(iii) ਕਰੇ ਕੋਈ ________ ਕੋਈ।

(iv) ________ ਵਿੱਚ ਰੜਕਣਾ।

(v) ਸਦਾ ਦੀ ਨੀਂਦ ________ ਜਾਣਾ।

**4.** ਹੇਠ ਲਿਖੇ ਬਹੁਅਰਥਕ ਸ਼ਬਦਾਂ ਤੋਂ ਘੱਟੋ-ਘੱਟ ਅਜਿਹੇ ਦੋ ਵਾਕ ਬਣਾਉ ਕਿ ਇੱਕ ਤੋਂ ਵੱਧ ਅਰਥ ਸਪਸ਼ਟ ਹੋ ਜਾਣ: 2

ਹਾਲ, ਕਾਲ

**5.** ਹੇਠ ਲਿਖੀ ਵਾਰਤਾ ਨੂੰ ਵਿਸਰਾਮ ਚਿੰਨ੍ਹ ਲਗਾਓ : 3

ਦਲੇਰੀ ਹਰ ਇੱਕ ਦਾ ਨਾਹਰਾ ਹੋਣਾ ਚਾਹੀਦਾ ਹੈ ਖਿਆਲਾਂ ਦੀ ਦਲੇਰੀ ਅਮਲਾਂ ਦੀ ਦਲੇਰੀ ਤੇ ਮਨ ਦੀ ਦਲੇਰੀ ਸਕੂਲਾਂ ਵਿੱਚ ਬੱਚਿਆਂ ਨੂੰ ਦਲੇਰ ਕਰਨ ਲਈ ਖੇਡਾਂ ਕਰਾਈਆਂ ਜਾਣ ਤਾਂ ਕਿ ਉਹ ਕਿਤਾਬੀ ਕੀੜੇ ਨਾ ਬਣੇ ਕਹਿਣ

**6.** ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ ਇੱਕ ਵਿਸ਼ੇ ਉੱਤੇ ਲਗਪਗ 250 ਸ਼ਬਦਾਂ ਦਾ ਭਾਵਪੂਰਤ ਲੇਖ ਲਿਖੋ : 10

(i) ਨਾਨਕ ਦੁਖੀਆ ਸਭੁ ਸੰਸਾਰ

(ii) ਪਲਾਸਟਿਕ ਦੀ ਦੁਨੀਆ

(iii) ਬਚਤ ਦਾ ਮਹੱਤਵ

(iv) ਸੋਸ਼ਲ ਮੀਡੀਆ

downloaded from StudentSuvidha.com



Download all NOTES and PAPERS at StudentSuvidha.com

**7.** ਮਿੱਤਰ ਜਾਂ ਸਹੇਲੀ ਨੂੰ ਛੁੱਟੀਆਂ ਵਿੱਚ ਦਿੱਲੀ ਦੀਆਂ ਇਤਿਹਾਸਕ ਥਾਵਾਂ ਘੁੰਮਣ ਦਾ ਸੱਦਾ ਪੱਤਰ ਲਿਖੋ: 7

**ਜਾਂ**

ਰੋਜ਼ਾਨਾ ਅਜੀਤ ਅਖਬਾਰ ਦੇ ਸੰਪਾਦਕ ਨੂੰ ਪੱਤਰ ਲਿਖੋ, ਜਿਸ ਵਿੱਚ ਨਿੱਤ ਵਰਤੋਂ ਦੀਆਂ ਚੀਜ਼ਾਂ ਦੀਆਂ ਕੀਮਤਾਂ ਵਿੱਚ ਵਾਧੇ ਕਾਰਨ ਚਿੰਤਾ ਪ੍ਰਗਟ ਕਰੋ।

**8.** 'ਸਾਂਵੀਂ ਬੋਲੀ ਸਭ ਰੁੱਖਾਂ ਦੀ
ਦਿਲ ਕਰਦਾ ਲਿਖ ਜਾਵਾਂ
ਮੇਰਾ ਵੀ ਇਹ ਦਿਲ ਕਰਦਾ ਏ
ਰੁੱਖ ਦੀ ਜੂਨੇ ਆਵਾਂ
ਜੇ ਤੁਸੀਂ ਮੇਰਾ ਗੀਤ ਹੈ ਸੁਣਨਾ
ਮੈਂ ਰੁੱਖਾਂ ਵਿੱਚ ਗਾਵਾਂ
ਰੁੱਖ ਤਾਂ ਮੇਰੀ ਮਾਂ ਵਰਗੇ ਨੇ
ਜਿਉਣ ਰੁੱਖਾਂ ਦੀਆਂ ਛਾਵਾਂ।'

ਇਹਨਾਂ ਕਾਵਿ-ਸਤਰਾਂ ਰਾਹੀਂ ਕਵੀ ਸ਼ਿਵਕੁਮਾਰ ਬਟਾਲਵੀ ਕੀ ਇੱਛਾ ਜ਼ਾਹਿਰ ਕਰਦਾ ਹੈ? 5

**ਜਾਂ**

'ਨਿੱਕੇ ਵੱਡੇ ਡਰ' ਕਵਿਤਾ ਵਿੱਚ ਪਿਉ, ਧੀਆਂ ਨੂੰ ਕੀ ਕਹਿਣਾ ਚਾਹੁੰਦਾ ਹੈ?

**9.** 'ਮਲੰਗ' ਕਹਾਣੀ ਰਾਹੀਂ ਜੀਵਨ ਵਿੱਚ ਮੁਕਾਬਲੇ ਦੇ ਮਹੱਤਵ ਬਾਰੇ ਕਹਾਣੀਕਾਰ ਕੀ ਕਹਿਣਾ ਚਾਹੁੰਦਾ ਹੈ? ਉੱਤਰ 100 –125 ਸ਼ਬਦਾਂ ਵਿੱਚ ਲਿਖੋ। 5

**10.** ਇਕਾਂਗੀ 'ਬੇਈਮਾਨ' ਦਾ ਸਿਰਲੇਖ ਕਿੰਨਾ ਢੁਕਵਾਂ ਹੈ? ਉੱਤਰ 100 –125 ਸ਼ਬਦਾਂ ਵਿੱਚ ਲਿਕੋ। 5

**11.** ਮਹਾਰਾਜਾ ਰਣਜੀਤ ਸਿੰਘ ਕਿਹੋ ਜਿਵੇ ਸੁਭਾਅ ਵਾਲੇ ਵਿਅਕਤੀ ਸਨ? ਉਹਨਾਂ ਨੇ ਆਪਣੀ ਫ਼ੌਜ ਨੂੰ ਲੋਕ ਭਲਾਈ ਦੇ ਮੰਤਵ ਲਈ ਕੀ ਹੁਕਮ ਦੇ ਰੱਖਿਆ ਸੀ? ਲੇਖ 'ਪੰਜਾਬ ਦਾ ਗੌਰਵ : ਮਹਾਰਾਜਾ ਰਣਜੀਤ ਸਿੰਘ' ਦੇ ਆਧਾਰ 'ਤੇ ਉੱਤਰ 100–125 ਸ਼ਬਦਾਂ ਵਿੱਚ ਲਿਖੋ। 5



downloaded from StudentSuvidha.com
Download all NOTES and PAPERS at StudentSuvidha.com

**12.** ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ ਵਾਕ ਵਿੱਚ ਲਿਖੋ। ਹਰ ਇੱਕ ਸਹੀ ਉੱਤਰ ਦਾ ਇੱਕ ਅੰਕ ਹੈ: 1×12=12

*(i)* ਗੁਰੂ ਨਾਨਕ ਦੇਵ ਜੀ ਅਨੁਸਾਰ ਨੀਵੇਂ ਹੋਣ ਦਾ ਕੀ ਅਰਥ ਹੈ?

*(ii)* ਕਵੀ ਚਾਤ੍ਰਿਕ ਲੀਡਰਾਂ ਬਾਰੇ ਕੀ ਕਹਿੰਦਾ ਹੈ?

*(iii)* ਕਵੀ ਸ਼ਿਵ ਕੁਮਾਰ ਨੂੰ ਕਿਹੜਾ ਰੁੱਖ ਮਿੱਠਾ ਤੇ ਦੁਖਾਵਾਂ ਜਾਪਦਾ ਹੈ?

*(iv)* ਨੰਦੂ ਜਦੋਂ ਪਿੰਡੋਂ ਸ਼ਹਿਰ ਆਇਆ ਉਦੋਂ ਉਸਦੀ ਉਮਰ ਕਿੰਨੇ' ਕੁ ਸਾਲਾਂ ਦੀ ਸੀ?

*(v)* 'ਬਸ ਕੰਡਕਟਰ' ਕਹਾਣੀ ਵਿੱਚ ਇਹ ਕਿਸਨੇ ਕਿਸ ਨੂੰ ਆਖਿਆ, ''ਭਾਨ ਤਾਂ ਹੈ ਨਹੀਂ ਮੇਰੇ ਕੋਲ, ਚਲੋ ਪੈਸੇ ਕੱਲ੍ਹ ਦੇ ਦੇਣਾ।''

*(vi)* 'ਸਵਰਗ ਦੀ ਝਲਕ' ਕਹਾਣੀ ਵਿੱਚ ਮੈਂ ਪਾਤਰ ਨੇ ਰਿਕਸ਼ੇ ਵਾਲੇ ਨੂੰ ਪੈਸੇ ਕਿਉਂ ਦੇਣੇ ਚਾਹੇ?

*(vii)* 'ਸਾਂਝ' ਕਹਾਣੀ ਦੇ ਆਧਾਰ 'ਤੇ ਦੱਸੋ ਕਿ ਲੇਖਕ ਸਰਦਾਰ ਦੇ ਘਰ ਕੀ ਸੋਚ ਕੇ ਗਿਆ?

*(viii)* ਮੋਟਰਵਾਲਾ, ਕਿਸ ਗੱਲ ਕਰਕੇ ਪ੍ਰੇਸ਼ਾਨ ਹੁੰਦਾ ਹੈ?

*(ix)* ਸ਼ਰੀਰ ਨੂੰ ਸਵਸਥ ਰੱਖਣ ਲਈ ਕਿਸ ਦੀ ਘਾਟ ਨਹੀਂ ਹੋਣ ਦੇਣੀ ਚਾਹੀਦੀ?

*(x)* ਭਗਤ ਸਿੰਘ ਦਾ ਜਨਮ ਕਦੋਂ ਹੋਇਆ?

*(xi)* ਸੁੰਦਰਤਾ ਕਿਸ ਚੀਜ਼ ਦੀ ਮੁਥਾਜ ਹੈ?

*(xii)* ਮਹਾਰਾਜਾ ਰਣਜੀਤ ਸਿੰਘ ਕਿਹੋ ਜਿਹੇ ਸੁਭਾਅ ਵਾਲੇ ਵਿਅਕਤੀ ਸਨ?

downloaded from StudentSuvidha.com

**13.** ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 30–40 ਸ਼ਬਦਾਂ ਵਿੱਚ ਲਿਖੋ: 2×6=12

*(i)* 'ਰੁਖ' ਕਵਿਤਾ ਦੇ ਅੰਤ ਵਿੱਚ ਕਵੀ ਰੁੱਖਾਂ ਦੀ ਤੁਲਨਾ ਕਿਸ ਨਾਲ ਅਤੇ ਕਿਉਂ ਕਰਦਾ ਹੈ?

*(ii)* 'ਇਨਸਾਨਸਤਾਨ' ਕਵਿਤਾ ਵਿੱਚ ਕਵੀ ਕਿਹੜੀਆਂ ਬੁਰਾਈਆਂ ਦੇ ਖਤਮ ਹੋਣ ਦੀ ਕਾਮਨਾ ਕਰਦਾ ਹੈ?

*(iii)* 'ਸਾਂਝ ਕਹਾਣੀ ਵਿੱਚ ਸਰਦਾਰ ਦੀ ਕੋਠੀ ਕਿਹੋ ਜਿਹੀ ਸੀ?

*(iv)* ਕੰਪਿਊਟਰ ਦੇ ਮੂਲ ਅੰਗ ਕਿਹੜੇ ਹਨ?



Download all NOTES and PAPERS at StudentSuvidha.com

*(v)* 'ਪੰਜਾਬ ਦਾ ਗੌਰਵ : ਮਹਾਰਾਜਾ ਰਣਜੀਤ ਸਿੰਘ' ਲੇਖ ਅਨੁਸਾਰ ਖਾਲਸਾ ਰਾਜ ਕਿਹੜੇ-ਕਿਹੜੇ ਸੂਬਿਆਂ ਵਿੱਚ ਵੰਡਿਆ ਹੋਇਆ ਸੀ?

*(vi)* ਬੱਲਡ ਬੈਂਕ ਵਿੱਚ ਖੂਨਦਾਨ ਕਰਨ ਨਾਲ ਕੀ ਲਾਭ ਹੁੰਦਾ ਹੈ?

**14.** ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਗਪਗ 50 ਸ਼ਬਦਾਂ ਵਿੱਚ ਲਿਖੋ: 3×2=6

*(i)* 'ਹੋ! ਅਜੇ ਸੰਭਾਲ ਇਸ ਸਮੇਂ ਨੂੰ
ਕਰ ਸਫ਼ਲ ਉਡੰਦਾ ਜਾਂਵਦਾ।
ਇਹ ਠਹਿਰਣ ਜਾਚ ਨਾ ਜਾਣਦਾ,
ਲੰਘ ਗਿਆ ਨ ਮੁੜ ਕੇ ਆਵੰਦਾ।'

ਇਹਨਾਂ ਸਤਰਾਂ ਰਾਹੀਂ ਕਵੀ ਭਾਈ ਵੀਰ ਸਿੰਘ ਮਨੁੱਖ ਨੂੰ ਕੀ ਸੰਦੇਸ਼ ਦੇ ਰਿਹਾ ਹੈ?

*(ii)* ਅਫਸੋਸ ਕਰਨ ਆਏ ਲੋਕਾਂ ਨੂੰ ਸਰਦਾਰ ਦੇ ਘਰ ਕਿਵੇਂ ਬਿਠਾਇਆ ਗਿਆ? ਅਤੇ ਕਿਉਂ?

★ ★ ★

downloaded from StudentSuvidha.com



Download all NOTES and PAPERS at StudentSuvidha.com